## ਆਪਣੇ ਬੱਚੇ ਨਾਲ ਗੱਲਬਾਤ ਕਰਦੇ ਸਮੇਂ ਇਹ ਮਹੱਤਵਪੂਰਣ ਹੈ ਕਿ ਤੁਸੀਂ ਆਪਣੇ ਘਰ ਵਿੱਚ ਬੋਲੀ ਜਾਣ ਵਾਲੀ ਭਾਸ਼ਾ ਦੀ ਵਰਤੋਂ ਕਰੋ। ਤੁਹਾਡਾ ਬੱਚਾ ਗਣਿਤ ਸੰਬੰਧੀ ਸਮਝਬੂਝ ਵਿਕਸਿਤ ਕਰਨ ਬਾਅਦ ਅੰਗਰੇਜ਼ੀ ਦੇ ਸ਼ਬਦ ਸਿੱਖ ਸਕਦਾ ਹੈ।

ਤੁਸੀਂ ਆਪਣੇ ਬੱਚੇ ਨੂੰ ਉਸਦੇ ਆਲੇ-ਦੁਆਲੇ ਮੌਜੂਦ ਚੀਜ਼ਾਂ ਵੱਲ ਧਿਆਨ ਦੇਣ ਅਤੇ ਉਨ੍ਹਾਂ ਬਾਰੇ ਗੱਲਬਾਤ ਕਰਨ ਵਿੱਚ ਉਸਦੀ ਮਦਦ ਕਰ ਸਕਦੇ ਹੋ। ਉਹ ਛੇਤੀ ਹੀ ਆਪਣੇ ਹਰ ਰੋਜ਼ ਦੇ ਜੀਵਨ ਵਿੱਚ ਨਯੂਮਰੇਸੀ ਦੀ ਵਰਤੋਂ ਕਰਨ ਨਾਲ ਸੰਬੰਧਿਤ ਆਤਮ-ਵਿਸ਼ਵਾਸ ਵਿਕਸਿਤ ਕਰਣਗੇ।

- ਨਯੂਮਰੇਸੀ ਵਾਸਤਵਿਕ ਚੀਜ਼ਾਂ ਦੀ ਵਰਤੋਂ ਕਰਦੇ ਹੋਏ ਗਣਿਤ ਨਾਲ ਜੁੜੇ ਵਿਚਾਰਾਂ ਬਾਰੇ ਗੱਲਬਾਤ ਕਰਨਾ ਹੈ।
- ਨਯੂਮਰੇਸੀ ਗਿਣਤੀ ਕਰਨ ਅਤੇ ਸੰਖਿਆਵਾਂ ਬਾਰੇ ਜਾਣਨ ਦੇ ਇਲਾਵਾ ਹੋਰ ਵੀ ਬਹੁਤ ਕੁੱਝ ਹੈ।
- ਨਯੂਮਰੇਸੀ ਸਕੂਲੀ ਗਣਿਤ ਦੇ ਇਲਾਵਾ ਹੋਰ ਵੀ ਬਹੁਤ ਕੁੱਝ ਹੈ।
- ਨਯੂਮਰੇਸੀ ਨੂੰ ਲੈ ਕੇ ਸਕਾਰਾਤਮਕ ਵਤੀਰਾ ਰੱਖਣ ਨਾਲ ਤੁਹਾਡੇ ਬੱਚੇ ਨੂੰ ਮਦਦ ਮਿਲਦੀ ਹੈ।



## ਵਧੇਰੀ ਜਾਣਕਾਰੀ

ਆਪਣੇ ਬੱਚੇ ਦੀ ਨਯੂਮਰੇਸੀ ਸਿੱਖਿਆ ਦਾ ਸਮੱਰਥਨ ਕਿਵੇਂ ਕਰਨਾ ਚਾਹੀਦਾ ਹੈ, ਇਸ ਬਾਰੇ ਵਧੇਰੀ ਜਾਣਕਾਰੀ ਲਈ ਸਾਡੀ ਵੈੱਬਸਾਈਟ ਵੇਖੋ

**www.education.sa.gov.au/parenting/greatstart**

f **EDU.SAGOV**




Government
of South Australia
Department for Education

Punjabi / ਪੰਜਾਬੀ

# GreatStart

ਹਰ ਰੋਜ਼ ਨਯੂਮਰੇਸੀ (ਅੰਕ-ਗਿਆਨ) ਅਤੇ ਲਿਟਰੇਸੀ (ਸਾਖਰਤਾ) ਸਿੱਖਣਾ

# ਨਯੂਮਰੇਸੀ (ਅੰਕ-ਗਿਆਨ)




**www.education.sa.gov.au/parenting/greatstart**

ਉਨ੍ਹਾਂ ਪਰਿਵਾਰਾਂ ਲਈ ਵੈੱਬਸਾਈਟ ਜਿਨ੍ਹਾਂ ਦੇ ਨਵਜੰਮੇ ਬੱਚੇ ਤੋਂ ਲੈ ਕੇ 5 ਸਾਲ ਦੀ ਉਮਰ ਵਾਲੇ ਛੋਟੇ ਬੱਚੇ ਹਨ

Government of South Australia
Department for Education

# ਹਰ ਰੋਜ਼ ਦੇ ਜੀਵਨ ਵਿੱਚ ਗਣਿਤ ਦੀ ਵਰਤੋਂ ਕਰਨ ਦੀ ਸਮੱਰਥਾ ਅਤੇ ਆਤਮ-ਵਿਸ਼ਵਾਸ ਨੂੰ ਨਯੂਮਰੇਸੀ ਕਹਿੰਦੇ ਹਨ।

ਤੁਸੀਂ ਆਪਣੇ ਬੱਚੇ ਨੂੰ ਉਸਦੇ ਆਲੇ-ਦੁਆਲੇ ਮੌਜੂਦ ਚੀਜ਼ਾਂ ਉੱਤੇ ਧਿਆਨ ਦਿਲਾ ਕੇ ਅਤੇ ਉਨ੍ਹਾਂ ਬਾਰੇ ਗਣਿਤ ਨਾਲ ਜੁੜੀਆਂ ਗੱਲਬਾਤਾਂ ਕਰਕੇ ਨਯੂਮਰੇਸੀ ਯੋਗਤਾ ਦਾ ਵਿਕਾਸ ਕਰਨ ਵਿੱਚ ਉਸਦੀ ਮਦਦ ਕਰ ਸਕਦੇ ਹੋ!

## ਬੇਬੀ

ਜਨਮ ਲੈਂਦੇ ਹੀ ਤੁਹਾਡਾ ਬੇਬੀ ਆਪਣੀ ਦੁਨੀਆ ਦੀ ਖੋਜ ਕਰਨੀ ਸ਼ੁਰੂ ਕਰ ਦਿੰਦਾ ਹੈ। ਰਿੜ੍ਹ ਕੇ ਚੀਜ਼ਾਂ ਤਕ ਪਹੁੰਚਣ ਸਮੇਂ ਜਾਂ ਚੀਜ਼ਾਂ ਦੇ ਵਿੱਚ ਆਪਣੇ ਆਪ ਨੂੰ ਫਸਾਉਂਦੇ ਸਮੇਂ, ਉਹ ਗਣਿਤ ਸੰਬੰਧੀ ਸੋਚ-ਵਿਚਾਰ ਦੀ ਵਰਤੋਂ ਕਰ ਸਕਦਾ ਹੈ। ਜੋ ਉਹ ਕਰ ਰਿਹਾ ਹੁੰਦਾ ਹੈ, ਜੇਕਰ ਤੁਸੀਂ ਉਸਨੂੰ ਬੋਲੋ ਤਾਂ ਇਸਨਾਲ ਉਸਨੂੰ ਸ਼ਬਦਾਂ ਦਾ ਮੇਲ ਆਪਣੀ ਚਾਲ-ਢਾਲ ਨਾਲ ਕਰਨ ਵਿੱਚ ਮਦਦ ਮਿਲਦੀ ਹੈ, ਜਿਵੇਂ ਕਿ "ਤੁਸੀਂ ਬਹੁਤ ਉੱਪਰ ਹੋ", "ਪਲਟਿਆਂ ਖਾਓ", ਅਤੇ "ਗਲੀਚੇ ਦੇ ਹੇਠਾਂ ਲੁਕ ਜਾਓ।"

### ਨਯੂਮਰੇਸੀ ਸਿੱਖਿਆ ਨੂੰ ਵਧਾਵਾ ਦੇਣ ਲਈ ਅਜਿਹੀਆਂ ਬਹੁਤ ਸਾਰੀਆਂ ਗਤੀਵਿਧੀਆਂ ਹਨ ਜਿਹੜੀਆਂ ਤੁਸੀਂ ਘਰ ਵਿੱਚ ਕਰ ਸਕਦੇ ਹੋ।

» ਅਜਿਹੇ ਖੇਡ ਖੇਡੋ ਜਿਨ੍ਹਾਂ ਵਿੱਚ ਚੀਜ਼ਾਂ ਗੁਆਚਦੀਆਂ ਹਨ ਅਤੇ ਫਿਰ ਸਾਮ੍ਹਣੇ ਆਉਂਦੀਆਂ ਹਨ, ਜਿਵੇਂ ਕਿ ਪੀਕੇਬੂ (ਝਾਤੀ)।
» ਨਹਾਉਣ ਦੀ ਥਾਂ ਤੇ ਬਹੁਤ ਸਾਰੇ ਡਿੱਬੇ ਰੱਖੋ ਤਾਂਜੋ ਤੁਹਾਡਾ ਬੇਬੀ ਇਨ੍ਹਾਂ ਨੂੰ ਭਰ ਸਕੇ, ਡੋਲ੍ਹ ਸਕੇ ਅਤੇ ਫਿਰ ਖਾਲੀ ਕਰ ਸਕੇ।
» ਹਿਲਣ-ਡੁਲਣ ਵਾਲੀਆਂ ਅਤੇ ਲਟਕਣ ਵਾਲੀਆਂ ਚੀਜ਼ਾਂ ਰੱਖੋ ਤਾਂਜੋ ਤੁਹਾਡਾ ਬੇਬੀ ਇਨ੍ਹਾਂ ਤਕ ਪਹੁੰਚੇ, ਇਨ੍ਹਾਂ ਵੱਲ ਵੱਧਕੇ ਇਨ੍ਹਾਂ ਨੂੰ ਖਿੱਚੇ।
» ਅਜਿਹੇ ਬਾਲ-ਗੀਤ ਗਾਓ ਜਿਨ੍ਹਾਂ ਵਿੱਚ ਸਥਿਤੀ, ਦਿਸ਼ਾ ਅਤੇ ਨੰਬਰਾਂ ਨਾਲ ਸੰਬੰਧਤ ਸ਼ਬਦਾਂ ਦੀ ਵਰਤੋਂ ਹੋਵੇ
» ਰੁਕਾਵਟਾਂ ਵਾਲਾ ਰਸਤਾ ਬਣਾਓ ਜਿਸ ਉੱਤੇ ਤੁਹਾਡਾ ਬੇਬੀ ਚੜ੍ਹੇ-ਉੱਤਰੇ।
» ਡਿੱਬੇ ਅਤੇ ਚੀਜ਼ਾਂ ਰੱਖੋ ਜਿਨ੍ਹਾਂ ਨੂੰ ਇੱਕ ਦੂਜੇ ਵਿੱਚ ਜਾਂ ਉੱਤੇ ਰੱਖਿਆ ਜਾ ਸਕੇ।
» ਸੈਰ ਕਰਦੇ ਸਮੇਂ ਜਾਂ ਤਸਵੀਰਾਂ ਵਾਲੀਆਂ ਕਿਤਾਬਾਂ ਦੇਖਦੇ ਸਮੇਂ ਚੀਜ਼ਾਂ ਵੱਲ ਇਸ਼ਾਰਾ ਕਰੋ ਜਿਨ੍ਹਾਂ ਨੂੰ ਤੁਹਾਡਾ ਬੇਬੀ ਵੇਖੇ ਅਤੇ ਅਚੰਭਿਤ ਹੋ ਜਾਵੇ।

**ਵੱਧ ਵਿਚਾਰਾਂ ਲਈ, ਇਨ੍ਹਾਂ GreatStart ਗਤੀਵਿਧੀਆਂ ਉੱਤੇ ਨਜ਼ਰ ਪਾਓ।**

» Playing with balls
» Jumping over puddles
» Moving with maths
» I spy with my little eye
» Rolling down the hill
» Baby obstacle course



## ਛੋਟੇ ਬੱਚੇ (2 ਤੋਂ 3 ਸਾਲ ਦੀ ਉਮਰ)

ਇਸ ਮਿਆਦ ਵਿੱਚ ਤੁਹਾਡੇ ਛੋਟੇ ਬੱਚੇ ਦਾ ਦਿਮਾਗ ਵਿਕਾਸ ਕਰ ਰਿਹਾ ਹੁੰਦਾ ਹੈ ਅਤੇ ਨਵੇਂ ਮਾਰਗਾਂ ਦਾ ਨਿਰਮਾਣ ਕਰ ਰਿਹਾ ਹੁੰਦਾ ਹੈ। ਜਦੋਂ ਤੁਹਾਡਾ ਛੋਟਾ ਬੱਚਾ ਵਾਸਤਵਿਕ ਚੀਜ਼ਾਂ ਨੂੰ ਛੂਹੇ ਅਤੇ ਇਨ੍ਹਾਂ ਨਾਲ ਖੇਡੇ, ਤਾਂ ਇਨ੍ਹਾਂ ਬਾਰੇ ਉਸ ਨਾਲ ਗੱਲਬਾਤ ਕਰਨ ਨਾਲ ਉਸਨੂੰ ਗਣਿਤ ਸੰਬੰਧੀ ਵਿਚਾਰਾਂ ਦਾ ਮਤਲਬ ਕੱਢਣ ਵਿੱਚ ਮਦਦ ਮਿਲੇਗੀ। ਛੇਤੀ ਹੀ ਉਹ ਉਨ੍ਹਾਂ ਚੀਜ਼ਾਂ ਅਤੇ ਕਾਰਜਾਂ ਦਾ ਵਰਨਣ ਕਰਨ ਲਈ ਗਣਿਤ ਸੰਬੰਧੀ ਸ਼ਬਦਾਂ ਦੀ ਵਰਤੋਂ ਕਰਨਾ ਸ਼ੁਰੂ ਕਰ ਦਵੇਗਾ ਜਿਨ੍ਹਾਂ ਉੱਤੇ ਉਹ ਧਿਆਨ ਦੇ ਰਿਹਾ ਹੁੰਦਾ ਹੈ ਜਾਂ ਜੋ ਕੰਮ ਉਹ ਕਰ ਰਿਹਾ ਹੁੰਦਾ ਹੈ।

### ਨਯੂਮਰੇਸੀ ਸਿੱਖਿਆ ਨੂੰ ਵਧਾਵਾ ਦੇਣ ਲਈ ਅਜਿਹੀਆਂ ਬਹੁਤ ਸਾਰੀਆਂ ਗਤੀਵਿਧੀਆਂ ਹਨ ਜਿਹੜੀਆਂ ਤੁਸੀਂ ਘਰ ਵਿੱਚ ਕਰ ਸਕਦੇ ਹੋ।

» ਪਾਰਕ ਵਿੱਚ ਜਾਓ ਅਤੇ ਉਨ੍ਹਾਂ ਵੱਖ-ਵੱਖ ਤਰੀਕਿਆਂ ਬਾਰੇ ਗੱਲਬਾਤ ਕਰੋ ਜਿਨ੍ਹਾਂ ਰਾਹੀਂ ਤੁਸੀਂ ਹਿੱਲਡੁਲ ਸਕਦੇ ਹੋ - ਉੱਤੋਂ ਥੱਲੇ ਜਾਣਾ, ਉੱਪਰ-ਹੇਠਾਂ ਜਾਣਾ, ਨੇੜੇ/ਦੂਰ ਜਾਣਾ।
» ਲੜੀਬੱਧ ਕਰਨ ਲਈ ਕੁਦਰਤੀ ਚੀਜ਼ਾਂ ਇੱਕਠੀਆਂ ਕਰੋ ਜਿਵੇਂ ਕਿ ਸ਼ੈੱਲ, ਡੰਡੀਆਂ, ਪੱਥਰ ਜਾਂ ਪੱਤੇ।
» ਉਨ੍ਹਾਂ ਨੂੰ ਰੇਤ ਜਾਂ ਗੀਲੀ ਮਿੱਟੀ ਦਿਓ ਤਾਂਜੋ ਉਨ੍ਹਾਂ ਨੂੰ ਗੀਲੀ ਮਿੱਟੀ ਦੀ ਟਿੱਕੀਆਂ ਦੇ ਆਕਾਰ, ਭਾਰ ਜਾਂ ਇਨ੍ਹਾਂ ਦੀਆਂ ਸੰਖਿਆਵਾਂ ਅਤੇ ਛੇਦਾਂ ਦੀ ਗਹਿਰਾਈ ਦੀ ਖੋਜ ਕਰਨ ਵਿੱਚ ਮਦਦ ਮਿਲੇ।
» ਕਪੜੇ ਧੋਣ ਸਮੇਂ ਆਪਣੇ ਬੱਚੇ ਦੀਆਂ ਜੁਰਾਬਾਂ ਦੇ ਜੋੜੀਆਂ ਦਾ ਮੇਲ ਕਰਕੇ ਮਦਦ ਕਰਨ ਲਈ ਕਹੋ ਅਤੇ ਸੈਰ ਕਰਨ ਸਮੇਂ ਮੇਲ ਖਾਂਦੀਆਂ ਚੀਜ਼ਾਂ ਲੱਭਣ ਲਈ ਕਹੋ।
» ਸ਼ੇਲਫ ਵਿੱਚ ਸਮੱਗਰੀ ਦੀ ਖੋਜ ਕਰਕੇ ਜਾਂ ਇੱਕੋ ਜਿਹੀਆਂ ਚੀਜ਼ਾਂ ਲੱਭ ਕੇ ਉਹ ਸ਼ਾਪਿੰਗ ਕਰਨ ਸਮੇਂ ਤੁਹਾਡੀ ਮਦਦ ਕਰ ਸਕਦੇ ਹਨ।
» ਦਿਨ ਦੇ ਸਮੇਂ ਅਤੇ ਇਸ ਬਾਰੇ ਗੱਲ ਕਰੋ ਕਿ ਅੱਗੇ ਕੀ ਹੋਵੇਗਾ।
» ਆਪਣੇ ਬੱਚੇ ਨੂੰ ਚੀਜ਼ਾਂ ਦਾ ਨਿਰਮਾਣ ਕਰਨ ਅਤੇ ਢੇਰ ਲਗਾਉਣ ਲਈ ਵਧਾਵਾ ਦਿਓ ਤਾਂਜੋ ਉਹ ਆਕਾਰ, ਬਣਾਵਟ, ਦਿਸ਼ਾ, ਸੰਖਿਆ ਅਤੇ ਥਾਂ ਦੀ ਖੋਜਬੀਣ ਕਰ ਸਕਣ।

**ਵੱਧ ਵਿਚਾਰਾਂ ਲਈ, ਇਨ੍ਹਾਂ GreatStart ਗਤੀਵਿਧੀਆਂ ਉੱਤੇ ਨਜ਼ਰ ਪਾਓ।**

» We went walking
» Collections
» Watering the garden
» Pouring a drink
» Friday night dance party
» Setting the table




## ਪ੍ਰੀਸਕੂਲਰਸ (3 ਤੋਂ 5 ਸਾਲ ਦੀ ਉਮਰ)

ਇਸ ਮਿਆਦ ਦੌਰਾਨ ਤੁਹਾਡੇ ਬੱਚੇ ਦੇ ਦਿਮਾਗ ਵਿੱਚ ਮਹੱਤਵਪੂਰਣ ਬਦਲਾਓ ਹੋ ਰਹੇ ਹੁੰਦੇ ਹਨ। ਦੂਜੇ ਬੱਚਿਆਂ ਨਾਲ ਖੇਡਦੇ ਸਮੇਂ ਉਹ ਸਮੱਸਿਆ ਨੂੰ ਹੱਲ ਕਰਨ ਲਈ ਗਣਿਤ ਸੰਬੰਧੀ ਸ਼ਬਦ ਸੁਣ ਅਤੇ ਇਨ੍ਹਾਂ ਦੀ ਵਰਤੋਂ ਕਰ ਰਹੇ ਹੁੰਦੇ ਹਨ। ਹੋ ਸਕਦਾ ਹੈ ਕਿ ਉਹ ਚੀਜ਼ਾਂ ਦਾ ਵਰਨਣ ਕਰਨ, ਇਨ੍ਹਾਂ ਨੂੰ ਲੜੀਵਾਰ ਕਰਨ ਜਾਂ ਇਨ੍ਹਾਂ ਦੀ ਤੁਲਨਾ ਕਰਨ ਕਿ ਕਿਹੜੀ ਚੀਜ਼ ਸਭ ਤੋਂ ਵੱਡੀ ਹੈ ਜਾਂ ਕਿਸ ਸਮੂਹ ਕੋਲ ਸਭ ਤੋਂ ਵੱਧ ਚੀਜ਼ਾਂ ਹਨ। ਜਦੋਂ ਤੁਸੀਂ 'ਬੋਲ-ਬੋਲ ਕੇ' ਸੋਚ-ਵਿਚਾਰ ਕਰਦੇ ਹੋ, ਤਾਂ ਤੁਹਾਡਾ ਬੱਚਾ ਸਮੱਸਿਆ ਨੂੰ ਹੱਲ ਕਰਨ ਦੇ ਤੁਹਾਡੇ ਤਰੀਕੇ ਤੋਂ ਸਿੱਖੇਗਾ।

### ਨਯੂਮਰੇਸੀ ਸਿੱਖਿਆ ਨੂੰ ਵਧਾਵਾ ਦੇਣ ਲਈ ਅਜਿਹੀਆਂ ਬਹੁਤ ਸਾਰੀਆਂ ਗਤੀਵਿਧੀਆਂ ਹਨ ਜਿਹੜੀਆਂ ਤੁਸੀਂ ਘਰ ਵਿੱਚ ਕਰ ਸਕਦੇ ਹੋ।

» ਆਪਣੇ ਬੱਚੇ ਨੂੰ ਖਾਣੇ ਦਾ ਟੇਬਲ ਸਜਾਉਣ ਅਤੇ ਭੋਜਨ ਬਣਾਉਂਦੇ ਸਮੇਂ ਸਮੱਗਰੀ ਮਾਪਨ ਵਿੱਚ ਮਦਦ ਦੇਣ ਲਈ ਵਧਾਵਾ ਦਿਓ।
» ਕਿਤਾਬਾਂ ਪੜਣ ਅਤੇ ਨਾਲ ਬੋਰਡ ਗੇਮ ਖੇਡਣ ਲਈ ਪਰਿਵਾਰ ਲਈ ਇੱਕ ਨਾਲ ਸਮਾਂ ਕੱਢੋ।
» ਮਿਲਕੇ ਵਿਗਿਆਪਨ ਸਮੱਗਰੀ ਪੜੋ ਅਤੇ ਉਨ੍ਹਾਂ ਚੀਜ਼ਾਂ ਦੀ ਤਲਾਸ਼ ਕਰੋ ਜੋ ਇਕੋ ਜਿਹੀਆਂ ਹੋਣ।
» ਕੋਈ ਕਹਾਨੀ ਪੜਦੇ ਸਮੇਂ ਅਤੇ ਫਿਲਮ ਵੇਖਦੇ ਸਮੇਂ ਇਹ ਪੁੱਛੋ, "ਅੱਗੇ ਕੀ ਹੋਵੇਗਾ?"
» ਸੈਰ ਕਰਦੇ ਸਮੇਂ ਤੁਸੀਂ ਜੋ ਚੀਜ਼ਾਂ ਇੱਕਠੀਆਂ ਕਰਦੇ ਹੋ, ਉਨ੍ਹਾਂ ਦੀ ਵਾਰ-ਵਾਰ ਬਣਾਵਟ ਬਣਾਓ।
» ਇਨ੍ਹਾਂ ਗੱਲਾਂ ਵੱਲ ਧਿਆਨ ਦਿਓ ਅਤੇ ਇਨ੍ਹਾਂ ਬਾਰੇ ਸੋਚੋ - ਮੌਸਮ, ਕਿਹੜਾ ਚਿੱਕੜ ਸਭ ਤੋਂ ਡੂੰਘਾ ਹੈ, ਤੁਹਾਡੇ ਬੱਚੇ ਦੀ ਪਰਛਾਈ ਕਿੱਥੇ ਜਾਂਦੀ ਹੈ, ਕੁੱਝ ਪੱਤਿਆਂ ਨਾਲ ਕੀ ਹੋ ਰਿਹਾ ਹੈ।
» ਆਪਣੇ ਵੇਹੜੇ ਦਾ ਨਕਸ਼ਾ ਬਣਾ ਕੇ ਖਜਾਨੇ ਦੀ ਲਾਭ ਕਰਨਾ ਖੇਡੋ।
» ਅਜਿਹੇ ਸਵਾਲ ਪੁੱਛੋ ਜਿਵੇਂ ਕਿ "ਮਾਨੂੰ ਕਿੰਨੇ ਕੇਲਿਆਂ ਦੀ ਲੋੜ ਹੋਏਗੀ ਜਿਸ ਦੇ ਨਾਲ ਹਰ ਕੋਈ ਘਰ ਵਿਚ ਇੱਕ ਇੱਕ ਕੇਲਾ ਖਾ ਮਕੇ?"

**ਵੱਧ ਵਿਚਾਰਾਂ ਲਈ, ਇਨ੍ਹਾਂ GreatStart ਗਤੀਵਿਧੀਆਂ ਉੱਤੇ ਨਜ਼ਰ ਪਾਓ।**

» How tall am I?
» Where should we park?
» Calendars
» What is the weather today?
» Planting a seed
» How many do you think are in there?

